# ਠੱਗੀ

(ਨਾਟਕ ਸ਼ੁਰੂ ’ਤੇ 1, 2, 3 ਪਾਤਰ ਸਟੇਜ ’ਤੇ ਆਉਂਦੇ ਹਨ। ਹੋ ਗਈ ਠੱਗੀ, ਕਰ ਗਏ ਠੱਗੀ, ਚੱਲ ਗਈ ਠੱਗੀ, ਠੱਗੀ, ਠੱਗੀ ਕਹਿੰਦੇ ਆਪਣੀ ਥਾਂ ਲੈਂਦੇ ਹਨ।)

1 : ਠੱਗੀ ਆਪਣੇ ਆਪ ਵਿਚ ਇਕ ਪੇਸ਼ਾ ਹੈ।

2 : ਇਸਦਾ ਮਤਲਬ ਹੁੰਦਾ ਹੈ ਅਗਲੇ ਨੂੰ ਬੁੱਧੂ ਬਣਾਓ ਅਤੇ ਪੈਸਾ ਬੋਝੇ ਪਾਓ।

3 : ਨੇਕੀ ਤੇ ਬਦੀ ਦੇ ਚੱਕਰ ਵਿਚ ਨਾ ਆਪ ਪਵੋ, ਨਾ ਕਿਸੇ ਨੂੰ ਪਾਵੋ।

1 : ਵਪਾਰ ਦੇ ਨਾਂ ਠੱਗੀ ਹੁੰਦੀ ਹੈ ਜਦੋਂ ਨਕਲੀ ਮਾਲ ਅਸਲੀ ਕਰਕੇ ਵੇਚਿਆ ਜਾਂਦਾ ਹੈ।

2 : ਸਿਆਸਤ ਦੇ ਨਾਂ ’ਤੇ ਠੱਗੀ ਹੁੰਦੀ ਹੈ ਜਦੋਂ ਲਾਰਿਆਂ ਨਾਲ ਵੋਟਾਂ ਬਟੋਰੀਆਂ ਜਾਦੀਆਂ ਹਨ।

3 : ਡੇਰਿਆਂ ਦੇ ਨਾਂ ਠੱਗੀ ਹੁੰਦੀ ਹੈ ਜਦੋਂ ਪੁੱਤ ਦੇਣਦੇ ਬਹਾਨੇ ਭੋਰਿਆਂ ਵਿਚ ਔਰਤਾਂ ਦੀ ਪੱਤ ਲੁੱਟੀ ਜਾਂਦੀ ਹੈ।

1 : ਇਹ ਸਭ ਠੱਗੀ ਦੇ ਰੂਪ ਹਨ। ਠੱਗੀ ਵਿਚ ਇਮਾਨਦਾਰੀ ਅਤੇ ਬੇਈਮਾਨੀ ਦਾ ਉਹੋ ਰਿਸ਼ਤਾ ਹੈ ਜੋ ਅੱਗ ਤੇ ਪਾਣੀ ਦਾ ਹੁੰਦਾ ਹੈ।

2 : ਠੱਗੀ ਬੇਲਿਹਾਜ਼ ਹੁੰਦੀ ਹੈ।

3 : ਠੱਗੀ ਬੇਨਿਆਜ਼ ਹੁੰਦੀ ਹੈ।

1 : ਠੱਗੀ ਇਕ ਸਮਾਜਿਕ ਰੋਗ ਹੈ।

2 : ਜੋ ਰੋਗੀ ਨੂੰ ਤੜਪਾਉਂਦਾ ਹੈ।

3 : ਪਾਣੀ ਪਿਆ ਪਿਆ ਮਾਰਦਾ ਹੈ।

1 : ਠੱਗੀ ਦਾ ਇਕ ਰੋਗ ਜੋ ਪੰਜਾਬ ਦੇ ਨੌਜਵਾਨਾਂ ਨੂੰ ਛੂਤ ਦੀ ਬਿਮਾਰੀ ਵਾਂਗ ਲਗ ਗਿਆ ਹੈ।

2 : ਉਹ ਦੇਸ਼ੋਂ ਬਾਹਰ ਜਾਣ ਦਾ ਰੋਗ ਹੈ।

3 : ਦੇਸ਼ ਰਹਿ ਨਹੀਂ ਸਕਦੇ, ਬਾਹਰ ਜਾ ਨਹੀਂ ਸਕਦੇ।

1 : ਤੜਪਦੇ ਹਨ।

2 : ਖਿੱਝਦੇ ਹਨ।

3 : ਏਜੈਂਟਾ ਕੋਲੋਂ ਛਿੱਲ ਲਹਾਉਂਦੇ ਹਨ।

1 : ਰੋਜ਼ ਇਸ ਰੋਗ ਦੇ ਕਾਂਡ ਤੇ ਕਾਂਡ ਨਸ਼ਰ ਹੁੰਦੇ ਹਨ।

2 : ਦੇਸੀ ਮੇਮਾਂ ਦਾ ਕਾਂਡ
3 : ਪ੍ਰਦੇਸੀ ਲਾੜਿਆਂ ਦਾ ਕਾਂਡ
1 : ਮਾਲਟਾ ਕਾਂਡ
2 : ਗੁਰੂ ਦੇ ਸ਼ਸਤਰਾਂ ਦਾ ਕਾਂਡ
3 : ਕਬੂਤਰਾਂ ਦਾ ਕਾਂਡ
1 : ਕਬੂਤਰ ਜੋ ਉਡ ਜਾਂਦੇ ਨੇ ਕਬੱਡੀ ਦਾ ਪਲੇਅਰ ਬਣਕੇ।
2 : ਕਬੂਤਰ ਜੋ ਉਡ ਜਾਂਦੇ ਨੇ ਰਾਗੀ ਸਿੰਘ ਬਣਕੇ।
3 : ਕਬੂਤਰ ਜੋ ਉਡ ਜਾਂਦੇ ਨੇ ਮਹਿੰਦੀ ਨਾਲ ਦਲੇਰੀ ਕਰਕੇ।
1 : ਕਬੂਤਰ ਜੋ ਗੱਡੇ ਤੇ ਨਹੀਂ ਬੈਠਦੇ।
2 : ਗਡੀਰੇ ਤੇ ਨਹੀਂ ਬੈਠਦੇ।
3 : ਸਗੋਂ ਮਿਤਰਾਂ ਦੇ ਟਟੂ ਦੇ ਬੈਠਦੇ
1 : ਏਜੈਂਟ ਨੂੰ 5 ਲੱਖ ਦੇਕੇ।
2 : 7 ਲੱਖ ਦੇਕੇ।
3 : 10 ਲੱਖ ਦੇਕੇ।
1 : ਹਾਂ ਇਹ ਇਕ ਰੋਗ ਹੈ।
2 : ਇਸ ਰੋਗ ਦੀ ਗੱਲ ਹਾਂ ਕਰਦੇ।
3 : ਕਾਰਨ ਉਤੇ ਉਂਗਲ ਹਾਂ ਰਖਦੇ।
1 : ਠੱਗੀ, ਠੱਗੀ, ਠੱਗੀ

(ਬਾਹਰ ਜਾਂਦੇ ਹਨ)

ਸੂਤਰਧਾਰ : ਠੱਗਾਂ ਦੀ ਕਹਾਣੀ ਪੇਸ਼ ਹਾਂ ਕਰਦੇ। ਨਾਟਕ ਵਿਚ ਪਰਵੇਸ਼ ਹਾਂ ਕਰਦੇ।

*(ਨਗਾਰੇ ਦੀ ਥਾਪ। ਥਾਪ ਦੀ ਲੈਅ ਵਿਚ ਤਿੰਨ ਪਲੈਟਫਾਰਮ ਬਣਾਏ ਜਾਂਦੇ (1)(2) ਥਲੇ ਵਾਲੇ ਪਲੈਟਫਾਰਮਾਂ 'ਤੇ ਬੈਠਦੇ ਹਨ – ਤੇ ਟਰੈਵਲ ਏਜੈਂਟ ਉਤਲੇ 'ਤੇ।)*

ਸੂਤਰਧਾਰ : ਇਹ ਇਕ ਟਰੈਵਲ ਏਜੈਂਟ ਹੈ, ਤੇ ਉਸਦਾ ਦਫਤਰ – ਇਹ ਦਫਤਰ ਵੱਡੇ ਸ਼ਹਿਰਾਂ ਵਿਚ ਵੀ ਮਿਲਦੇ ਹਨ ਤੇ ਛੋਟੇ ਸ਼ਹਿਰਾਂ ਵਿਚ ਵੀ – ਦਫਤਰ ਦੂਜੇ ਸ਼ਬਦਾਂ ਵਿਚ ਕੈਬਿਨਾਂ ਵਾਲੀਆਂ ਦੁਕਾਨਾਂ ਹਨ। ਇਕ ਕੈਬਿਨ ਵਿਚ ਗਾਹਕ ਦਾ ਨਾਂ ਪਤਾ ਲਿਖਿਆ ਜਾਂਦਾ ਹੈ। ਦੂਜੀ ਕੈਬਿਨ ਵਿਚ ਬੈਠਾ ਬਾਊ ਅੰਦਾਜ਼ਾ ਲਗਾਉਂਦਾ ਹੈ ਕਿ ਕਿੰਨੇ ਪੈਸੇ ਬਟੋਰੇ ਜਾ ਸਕਦੇ ਹਨ ਤੇ ਤੀਜੇ ਕੈਬਿਨ ਵਿਚ ਪੈਸਾ ਲਿਆ ਜਾਂਦਾ ਹੈ ਅਤੇ ਰਸੀਦ ਦਿੱਤੀ ਜਾਂਦੀ ਹੈ।

*(ਟਰੈਵਲ ਏਜੈਂਟ ਬੜੇ ਸੂਟ-ਬੂਟ ਵਿਚ ਬੋ ਲਗਾਈ ਆਉਂਦਾ*

*ਹੈ।)*

(ਨੋਟ : ਉਸਦਾ ਮੇਕਅਪ ਐਸਾ ਹੈ ਕਿ ਉਹ ਪਛਾਣਿਆ ਜਾਂਦਾ ਹੈ ਕਿ ਉਹ ਇਕ ਠੱਗ ਹੈ।)

*(3) ਨੰਬਰ ਕਰੈਕਟਰ ਹੁਣ ਇਕ ਬਜ਼ੁਗਰ ਦੇ ਰੂਪ ਵਿਚ ਆਉਂਦਾ ਹੈ। (1) ਅਤੇ (2) ਆਪਣੀ ਆਪਣੀ ਕਾਰਵਾਈ ਕਰਦੇ ਹਨ – ਬਜ਼ੁਰਗ ਟਰੈਵਲ ਏਜੈਂਟ ਤੱਕ ਪੁੱਜਦਾ ਹੈ। (2) ਵੱਲੋਂ ਇਸ਼ਾਰਾ ਕਰ ਦਿੱਤਾ ਜਾਂਦਾ ਹੈ ਕਿ ਅਸਾਮੀ 10 ਲੱਖ ਦੀ ਹੈ। ਟਰੈਵਲਿੰਗ ਏਜੈਂਟ ਬਜ਼ੁਰਗ ਨੂੰ ਕੁਰਸੀ ਦੇਂਦਾ ਹੈ।)*

ਏਜੈਂਟ : ਦੇਖੋ ਬਜ਼ੁਰਗੋ – ਬੀਬੀ ਸਿੱਧੀ ਕਨੇਡਾ ਤੋਂ ਆਈ ਏ।

*(ਬੜੇ ਨਾਟਕੀ ਢੰਗ ਨਾਲ ਬੀਬੀ ਦੀ ਫੋਟੋ ਵਿਖਾਉਂਦਾ ਹੈ।)*

3 : (ਧਿਆਨ ਨਾਲ ਦੇਖਕੇ) ਇਹ ਤਾਂ ਕਿਸੀ ਫ਼ਿਲਮ ਵਿਚ ਕੰਮ ਕਰਦੀ ਹੈਰੋਇਨ ਦੀ ਫੋਟੋ ਲਗਦੀ ਏ।

ਏਜੈਂਟ : ਹਾਂ, ਤੁਸੀਂ ਠੀਕ ਪਛਾਣਿਆ.. ਇਹ ਫ਼ਿਲਮਾਂ ਵਿਚ ਕੰਮ ਕਰਨ ਵਾਲੀਆਂ ਹੀਰੋਇਨਾਂ ਵਾਕੁਣ ਹੀ ਸੋਹਣੀ ਏ – ਮਾਧੁਰੀ ਦੀਕਸ਼ਤ ਕਹਿ ਲਵੋ, ਕਾਜੋਲ ਕਹਿ ਲਵੋ, ਕ੍ਰਿਸ਼ਮਾ ਕਹਿ ਲਵੋ – ਬੀਬੀ ਸਿੱਧੀ ਕਨੇਡਾ ਤੋਂ ਆਈ ਏ – ਮਾਂ ਬਾਪ ਵੀ ਨਾਲ ਆਏ ਹਨ – ਅਸਲ ਵਿਚ ਉਹ ਕੁੜੀ ਦਾ ਵਿਆਹ ਕਰਨ ਹੀ ਆਏ ਹਨ... ਕੁੜੀ ਉਥੇ ਇਕ ਵੱਡੀ ਫਰਮ ਵਿਚ ਕੰਮ ਕਰਦੀ ਹੈ। ਉਹਦੀ ਛੁੱਟੀ ਬੜੀ ਥੋੜੀ ਹੈ... ਸਾਕ ਤਾਂ ਉਥੇ ਵੀ ਬੜੇ ਮਿਲਦੇ ਹਨ।

3 : ਫੇਰ ਉਹ ਇਥੇ ਕਿਉਂ ਆਏ ?

ਏਜੈਂਟ : ਠੀਕ ਸਵਾਲ ਪੁੱਛਿਆ – ਉਹ ਇਥੇ ਕਿਉਂ ਆਏ – ਮਾਪੇ ਚਾਹੁੰਦੇ ਹਨ ਮੁੰਡਾ ਪੰਜਾਬ ਦਾ ਹੋਵੇ, ਸ਼ਰੀਫ ਖਾਨਦਾਨ ਦਾ ਹੋਵੇ, ਪੰਜਾਬੀ ਸਭਿਆਚਾਰ ਦਾ ਕਦਰਦਾਨ ਹੋਵੇ, ਵਿਰਸੇ ਨਾਲ ਜੁੜਿਆ ਨੌਜਵਾਨ ਹੋਵੇ, ਸਿੱਖੀ ਸਰੂਪ ਭਾਵੇਂ ਮੁਕੰਮਲ ਨਾ ਹੋਵੇ, ਪਰ ਸਿੱਖੀ ਵਾਲੀ ਸ਼ਾਨ ਹੋਵੇ।

3 : ਸਿੱਖੀ ਸਰੂਪ ਨਾ ਹੋਵੇ, ਸਿੱਖੀ ਵਾਲ ਸ਼ਾਨ ਹੋਵੇ ? ਮੈਂ ਸਮਝਿਆ ਨਹੀਂ।

ਏਜੈਂਟ : ਸਮਝ ਲਵੋ, ਜਿਸ ਤਰ੍ਹਾਂ ਮਾਨ ਹੁੰਦੇ ਹਨ । ਭਗਵੰਤ ਮਾਨ ਹੋਏ, ਹਰਭਜਨ ਮਾਨ ਹੋਏ, ਬੱਬੂ ਮਾਨ ਹੋਏ, ਭਾਵੇਂ ਮਰ ਜਾਣਾ ਗੁਰਦਾਸ ਮਾਨ ਹੋਏ। ਸਿੱਖੀ ਸਰੂਪ Minus – ਪਰ 'ਪੁੱਤ ਸਰਦਾਰਾਂ ਦੇ' ਵਾਲੀ ਸ਼ਾਨ ਹੋਏ।

3 : ਫੇਰ ਤਾਂ ਠੀਕ ਏ ਆਪਣਾ ਮੁੰਡਾ ਬਿਲਕੁਲ fit ਬੈਠਦਾ ਏ – ਕੁੜੀ ਪਹਿਲੇ ਕਦੀ ਪੰਜਾਬ ਆਈ ਏ ?

ਏਜੈਂਟ : ਕੁੜੀ ਉਥੋਂ ਦੀ ਜੰਮਪਲ ਏ – ਹਰਾ ਕਾਰਡ ਮਤਲਬ ਗਰੀਨ ਕਾਰਡ ਉਹਦਾ ਬਣਿਆ ਹੋਇਆ ਹੈ, ਵਿਆਹ ਤੋਂ ਬਾਅਦ ਮੁੰਡੇ ਨੂੰ ਨਾਲ ਲੈਕੇ ਜਾਵੇਗੀ... ਨਹੀਂ ਨਹੀਂ ਵਿਆਹ ਦੇ ਕਾਗਜ਼ ਮੁਕੰਮਲ ਹੋਣ ’ਤੇ ਮੁੰਡਾ fly ਕਰ ਜਾਏਗਾ। ਟਿਕਟ ਉਧਰੋਂ ਕੁੜੀ ਹੀ ਭੇਜੇਗੀ। ਮੁੰਡਾ ਸੋਹਣਾ ਅਤੇ ਸਮਾਰਟ ਹੋਣਾ ਚਾਹੀਦਾ ਹੈ (ਬਜ਼ੁਰਗ ਮੁੰਡੇ ਦੀ ਫੋਟੋ ਦਿਖਾਉਂਦਾ ਹੈ) ਕਿਆ ਸ਼ਾਨ ਹੈ ਨੌਜਵਾਨ ਦੀ – ਇਹ ਰਿਸ਼ਤਾ ਤਾਂ ਪੱਕਾ ਹੀ ਸਮਝੋ – ਹਾਂ 12 ਲੱਖ ਤੁਹਾਡਾ ਜ਼ਰੂਰ ਖਰਚ ਹੋਵੇਗਾ।

3 : ਬਾਰ੍ਹਾਂ ਲੱਖ... .. ?

ਏਜੈਂਟ : 12 ਲੱਖ ਕੀ ਰਕਮ ਹੁੰਦੀ ਹੈ। ਇਕ ਕਿਲ੍ਹਾ ਜ਼ਮੀਨ ਦਾ ਮੁੱਲ ਵੀ ਨਹੀਂ। ਮੁੰਡੇ ਦਾ future ਬਣ ਜਾਵੇਗਾ... ਇਹ ਰਕਮ ਤੁਸੀਂ ਮੈਨੂੰ ਕਲ੍ਹ ਤੱਕ ਦੇ ਸਕਦੇ ਹੋ... ਹਾਂ ਪਰਸੋਂ ਤੱਕ ਕੁੜੀ ਦੇ ਬਾਪ ਨਾਲ ਸੰਪਰਕ ਹੋ ਜਾਏਗਾ ਤੇ ਜਗਰਾਓਂ ਦੀ ਪ੍ਰਸਿੱਧ ਕਪੜੇ ਦੀ ਦੁਕਾਨ ਕੀਮਤੀ ਲਾਲ ਜੈਨ ਐਂਡ ਸਨਜ਼ ’ਤੇ ਉਹ ਵੀ ਆ ਜਾਣਗੇ ਤੇ ਤੁਸੀਂ ਵੀ ਆ ਜਾਓਗੇ...

3 : (ਉਠਦੇ ਹੋਏ) ਅੱਛਾ ਜੀ... ਇਹ ਕੰਮ ਹੋ ਜਾਏ ਤਾਂ ਫਿਕਰ ਲਹਿ ਜਾਏਗਾ, ਮੁੰਡਾ ਬੜਾ ਉਤਾਵਲਾ ਹੈ।

ਏਜੈਂਟ : ਹੋ ਜਾਏ ਕੀ ? ਸਮਝੋ ਹੋ ਗਿਆ।

*((3) ਬਾਹਰ ਜਾਂਦਾ ਹੈ, ਠੱਗ ਵੀ ਹੱਥ ਮਿਲਾਉਂਦੇ ਹਨ ਤੇ ਬਾਹਰ ਜਾਂਦੇ ਹਨ।)*

*(ਨਗਾਰਾ ਵੱਜਦਾ ਹੈ ਤੇ ਸੂਤਰਧਾਰ ਕਹਾਣੀ ਅਗੇ ਤੋਰਦਾ ਹੈ।)*

ਸੂਤਰਧਾਰ : ਸੌਦਾ ਹੋ ਗਿਆ ਹੈ – ਇਹ ਕੁੜੀ ਦੇ ਬਾਪੂ ਜੀ ਹਨ। (4) ਗੁਲਾਬੀ ਪੱਗ ਬੰਨਕੇ ਆਉਂਦੇ ਹਨ। ਏਜੈਂਟ ਦੇ ਦਸਣ ਮੁਤਾਬਿਕ ਸ: ਨਛੱਤਰ ਸਿੰਘ ਹਨ। ਪ੍ਰਿਸਟਾਊਨ ਕਨੇਡਾ ਵਿਚ ਇਹਨਾਂ ਦਾ Ready made Garments ਦਾ ਸਟੋਰ ਹੈ – ਪਰ ਅਸਲ ਵਿਚ ਇਹ ਜਲੰਧਰ ਬੱਸ ਸਟੈਂਡ ’ਤੇ ਮਿੱਠੀਆਂ ਗੋਲੀਆਂ ਵੇਚਦੇ ਹਨ – ਇਹਨਾਂ ਦੀ ਬਾਪ ਬਣਨ ਦੀ ਫੀਸ ਜਾਂ ਕਹਿ ਲਵੋ ਇਹਨਾਂ ਨੂੰ ਬਾਪ ਦੀ ਐਕਟਿੰਗ ਕਰਨ ਦੇ 5000/– ਮਿਲਣਗੇ। ਕੁੜੀ ਦੇ ਦੋ ਮਾਮੇ ਵੀ ਹੋਣਗੇ – ਇਹ ਜਲੰਧਰ ਬੱਸ ਅੱਡੇ ਦੀ ਇਕ ਚਾਹ ਦੀ ਦੁਕਾਨ ’ਤੇ ਤਾਸ਼ ਖੇਡਦੇ ਹਨ। ਮਾਮਾ ਬਣਨ ਦੀ ਫੀਸ 200/– ਹੈ। ਇਹ ਪੱਤਾ ਸੁੱਟਣਾ ਜਾਣਦੇ ਹਨ – ਵਿਆਹ ਇਕ ਮੈਰਿਜ ਪੈਲੇਸ ਵਿਚ ਹੋਇਆ, ਗੱਜ ਵੱਜਕੇ ਹੋਇਆ। ਬਰਾਤ ਵੀ ਆਈ। ਬਰਾਤ ’ਚ ਜੋ ਬਰਾਤੀ ਆਏ ਉਹਨਾਂ ਦੀ ਖੁਲੀ ਖਾਤਿਰ ਹੋਈ। ਮੈਰਿਜ ਪੈਲੇਸ ਦੇ ਨੇੜੇ ਗੁਰਦੁਆਰੇ

ਵਿਚ ਬਕਾਇਦਾ ਲਾਵਾਂ ਫੇਰੇ ਵੀ ਹੋਏ – ਡੋਲੀ ਤੋਰੀ ਗਈ। ਨਾਟਕ ਪੂਰਾ ਰਚਿਆ ਗਿਆ। 12 ਲੱਖ ਵਿਚ 2 ਲੱਖ ਖਰਚ ਕੀਤਾ ਗਿਆ। ਕੁੜੀ ਸਹੁਰੇ ਵੀ ਗਈ। ਦੋ ਰਾਤਾਂ ਮੁੰਡੇ ਕੋਲ ਵੀ ਰਹੀ। ਭਾਵੇਂ ਉਹਨੇ ਇਹ ਇਹਤਿਆਤ ਜ਼ਰੂਰ ਵਰਤੀ ਕਿ ਉਹਦੇ ਸਰੀਰ ਨਾਲ ਭਾਵੇਂ ਕੋਈ ਖੇਡ ਲਵੇ ਪਰ ਇਕ ਹੱਦ ਵਿਚ ਰਹਿਕੇ। ਇਸ ਕੰਮ ਲਈ ਉਹਨੂੰ 20,000/- ਮਿਲਣਾ ਸੀ। ਜਿਸਮ ਫਿਰੋਸ਼ੀ ਆਪਣੇ ਆਪ ਵਿਚ ਧੰਦਾ ਹੈ। ਕੁੜੀ ਫੇਰ ਪੇਕੇ ਵਾਪਸ ਆਈ – ਖੇਡ ਖਤਮ, ਕਿਹੜਾ ਸਹੁਰਾ, ਕਿਹੜਾ ਪੇਕਾ, ਮੇਮ ਦੇਸੀ ਹੀ ਸੀ, ਬਾਪ ਕਿਰਾਏ ’ਤੇ ਆਇਆ ਸੀ, ਮਾਮੇ ਦਿਹਾੜੀ ’ਤੇ ਸਨ, ਵਿਆਹ ਦਾ ਖਰਚ ਏਜੈਂਟ ਵੱਲੋਂ ਸੀ। 12 ਲੱਖ ਵਿਚੋਂ 2 ਲੱਖ ਖਰਚ ਕਰਨਾ ਕਿਹੜਾ ਮੁਸ਼ਕਿਲ ਸੀ ? ਠੱਗੀ ਹੋ ਗਈ – ਠੱਗ ਔਹ ਗਏ ਔਹ ਗਏ ਕਿਲ੍ਹਾ ਜ਼ਮੀਨ ਔਹ ਗਈ, ਔਹ ਗਈ, ਪਏ ਹੁਣ ਪੁਲਿਸ ਚੌਂਕੀ ਵਿਚ ਚੱਕਰ ਲਾਓ, ਅਗਲਿਆਂ ਨੇ ਜਾਂ ਕਹਿ ਲਵੋ ਠੱਗਾਂ ਨੇ ਸਭ ਕੁਝ ਪਹਿਲੇ ਹੀ ਮਿਥਿਆ ਹੋਇਆ ਸੀ।

ਸਵਾਲ ਉਠਦਾ ਹੈ ਕਿ ਕੀ ਮੁੰਡੇ ਜਾਂ ਮੁੰਡੇ ਦੇ ਬਾਪ ਨੂੰ ਨਹੀਂ ਸੀ ਪਤਾ ਕਿ ਇਹ ਠੱਗੀ ਹੋ ਸਕਦੀ ? ਸ਼ੱਕ ਸੀ ਪਰ ਮੁੰਡੇ ਨੂੰ ਬਾਹਰ ਜਾਣ ਦੀ ਬਿਮਾਰੀ ਲਗ ਚੁੱਕੀ ਸੀ। ਇਸ ਕਰਕੇ ਠੱਗਾ ਦੀ ਠੱਗੀ ਚੱਲ ਗਈ ਸੀ। ਮੁੰਡਾ ਉਡੀਕ ਰਿਹਾ ਹੈ ਕਿ ਕਦੋਂ ਹਵਾਈ ਜਹਾਜ਼ ਦੀ ਟਿਕਟ ਆਏਗੀ।

*(ਨਗਾਰੇ ਦਾ ਡੱਗਾ। (1) (2) (3) ਸਟੇਜ ’ਤੇ ਆਉਂਦੇ ਹਨ। ਠੱਗੀ – ਠੱਗੀ – ਠੱਗੀ। ਗੁਲਾਬੀ ਪੱਗਾਂ ਵਾਲੇ ਇਕ ਕੰਪੋਜੀਸ਼ਨ ਬਣਾਉਂਦੇ ਹਨ। ਬਾਪ ਅਤੇ ਮਾਪੇ। ਇਕ ਔਰਤ ਵੈਣ ਪਾਉਂਦੀ ਆਉਂਦੀ ਹੈ।)*

- ਵੇ ਪੁੱਤਰਾ – ਤੂੰ ਪ੍ਰਦੇਸਾਂ ਵਿਚ ਕਿਥੇ ਗੁੰਮ ਹੋ ਗਿਆ... ਹਾਏ
- ਮੇਰੇ ਪੈਰੀ ਹੱਥ ਲਾਇਆ, ਟੈਕਸੀ ਵਿਚ ਬੈਠਾ, ਫਿਰ ਗੁੰਮ ਹੋ ਗਿਆ।
- ਹਵਾਈ ਜਹਾਜ਼ ’ਤੇ ਬੈਠਾ ਗੁੰਮਹੋ ਗਿਆ... ਹਾਏ
- ਮੇਰੀਆਂ ਅੱਖਾਂ ਤੈਨੂੰ ਵੇਖਣ ਨੂੰ ਤਰਸ ਰਹੀਆਂ ਵੇ ਕਿਥੇ ਗੁੰਮ ਹੋ ਗਿਆ... ਹਾਏ।

ਸੂਤਰਧਾਰ : ਇਹ ਮਾਲਟਾ ਕਾਂਡ ਦੀ ਦਾਸਤਾਨ ਹੈ। ਹੋਰ ਠੱਗੀਆਂ ਵਾਂਗ ਇਕ ਵੱਡੀ ਠੱਗੀ ਦੀ ਦਾਸਤਾਨ ਹੈ – ਏਜੈਂਟ ਨੇ ਕਿਹਾ ਤੁਹਾਨੂੰ ਇਟਲੀ ਪੁਚਾਣ ਦੀ ਮੇਰੀ ਜ਼ਿੰਮੇਵਾਰੀ... ਤੁਸੀਂ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਉਡੋਗੇ – ਜਾਅਲੀ ਬਣਾਏ ਗਏ ਕਾਗਜ਼ਾਂ ਦੇ ਸਿਰ ’ਤੇ ਉਹ

ਉਡੇ – 234 ਪੰਜਾਬੀ – ਦੁਆਬੇ ਦੇ ਰਹਿਣ ਵਾਲੇ – ਨਵਾਂ ਸ਼ਹਿਰ ਦੇ ਪਿੰਡਾਂ ਦੇ ਤਿੰਨ ਟੋਲੀਆਂ ਵਿਚ ਉਡੇ – ਮਿਸਰ ਦੀ ਬੰਦਰਗਾਹ ਸਿਕੰਦਰੀਆਂ, ਤੁਰਕੀ ਦੀ ਬੰਦਰਗਾਹ, ਇਸਤਨ ਬੋਲ ’ਤੇ ਉਤਰੇ... ਕੁਝ ਪਾਕਿਸਤਾਨੀ ਵੀ ਉਥੇ ਸਨ, ਲੰਕਾ ਦੇ ਨੌਜਵਾਨ ਵੀ ਸਨ – ਏਜੈਂਟ ਦੇ ਏਜੈਂਟ ਉਥੇ ਉਹਨਾਂ ਨੂੰ ਅਗੇ ਲਿਜਾਣ ਵਾਸਤੇ ਮੌਜੂਦ ਸਨ। – ਸਮੁੰਦਰ ਦੇ ਇਕ ਜਹਾਜ਼ ਯੀਵੁਹਾਨ ’ਚ ਉਹ ਲੱਦੇ ਗਏ। ਦੱਸਿਆ ਗਿਆ ਦਾਅ ਲੱਗਣ ’ਤੇ ਛੋਟੀਆਂ ਕਿਸ਼ਤੀਆਂ ਰਾਹੀਂ ਉਹਨਾਂ ਨੂੰ ਇਟਲੀ ਦੀ ਕਿਸੇ ਵੀਰਾਨ ਥਾਂ ਲਾਹ ਦਿੱਤਾ ਜਾਏਗਾ – ਯਕੀਨ ਨਾਲ ਮਾਵਾਂ ਦੇ 234 ਪੁੱਤਰ ਗਏ ਰੋਜ਼ੀ ਕਮਾਉਣ ਲਈ, ਇਹ ਸੁਪਨੇ ਦੇਖਦੇ ਹੋਏ ਕਿ ਵਾਪਸ ਆਉਣਗੇ, ਮਾਲਾ ਮਾਲ ਹੋਕੇ ਆਉਣਗੇ – ਪਿੰਡਾਂ ’ਚ ਕੋਠੀਆਂ ਪਾਉਣਗੇ – ਕੋਠੀਆਂ ਜਿਨ੍ਹਾਂ ਉਤੇ ਹਵਾਈ ਜਹਾਜ਼ ਦੀ ਸ਼ਕਲ ਵਿਚ ਪਾਣੀ ਦੀਆਂ ਟੈਂਕੀਆਂ ਹੋਣਗੀਆਂ ਕੁਕੜਾਂ ਦੀ ਸ਼ਕਲ ਵਾਲੀਆਂ ਟੈਂਕੀਆਂ ਹੋਣਗੀਆਂ, ਬਦੇਸ਼ੀ ਕਾਰਾਂ ਦੀ ਸ਼ਕਲ ਵਾਲੀਆਂ ਟੈਂਕੀਆਂ ਹੋਣਗੀਆਂ – ਕਿਆ ਸ਼ਾਨ ਹੋਵੇਗੀ – ਬੰਦਾ ਵੇਖੇਗਾ ਤੇ ਵੇਖਦਾ ਹੀ ਰਹੇਗਾ – ਡੂੰਘੇ ਸਮੁੰਦਰਾਂ ਵਿਚ ਜਹਾਜ਼ ਯੀਓਹਾਨ ਤਿੰਨ ਮਹੀਨੇ ਖਲੋਤਾ ਰਿਹਾ ਅਤੇ ਇਕ ਮੱਗ ਪਾਣੀ ਰੋਜ਼ ਦੀ ਖੁਰਾਕ ਸੀ। 24 ਦਸੰਬਰ 1996, ਦੱਸਿਆ ਗਿਆ ਜਦੋਂ ਇਟਲੀ ਦੇ ਸਾਰੇ ਲੋਕ ਕ੍ਰਿਸਮਿਸ ਦੇ ਜਸ਼ਨਾਂ ਵਿਚ ਨੱਚਦੇ ਹੋਣਗੇ, ਟੱਪਦੇ ਹੋਣਗੇ, ਤੁਹਾਨੂੰ ਸਮੁੰਦਰ ਦੇ ਕੰਢੇ ਉਤਾਰ ਦਿੱਤਾ ਜਾਏਗਾ, ਬੇੜੀਆਂ ਰਾਹੀਂ, ਜਿਸ ਤਰ੍ਹਾਂ ਸਮਗਲ ਕੀਤਾ ਮਾਲ ਲਾਹੁੰਦੇ ਨੇ – ਤੁਸੀਂ ਸਮਗਲ ਕੀਤੇ ਇਨਸਾਨ, ਇੰਡੀਆ ਦੇ, ਪਾਕਿਸਤਾਨ ਦੇ, ਲੰਕਾ ਦੇ – ਤੇ ਕਿਸ਼ਤੀ ਆਈ, ਵੱਡੇ ਜਹਾਜ਼ ਤੋਂ ਮੁਸਾਫਰਾਂ ਨੇ ਕਿਸ਼ਤੀ ’ਚ ਛਾਲ ਮਾਰੀ – ਕਿਸ਼ਤੀ ਭਾਰ ਨਾ ਸਹਿ ਸਕੀ, ਦਰਮਿਆਨ ਮਘੋਰਾ ਹੋ ਗਿਆ, ਪਾਣੀ ਚੜ੍ਹ ਆਇਆ – ਤੇ ਮੁਸਾਫਰ ਡੂੰਘੇ ਪਾਣੀਆਂ ’ਚ ਡੁੱਬ ਗਏ – ਡੁੱਬਨ ਵਾਲਿਆਂ ਵਿਚ 234 ਪੰਜਾਬੀ ਸਨ, ਦੁਆਬੇ ਦੇ ਰਹਿਣ ਵਾਲੇ, ਨਵਾਂ ਸ਼ਹਿਰ ਦੇ ਪਿੰਡਾ ਦੇ – ਸੁਪਨੇ ਕੁਝ ਹੋਰ ਲੈਕੇ ਗਏ ਸਨ, ਪਰ ਛੱਡ ਗਏ ਮਾਵਾਂ ਨੂੰ ਵੈਣ ਪਾਉਣ ਲਈ – ਠੱਗੀ ਦੇ ਨਾਂ ਨਾਲ ਜੁੜ ਗਿਆ, ਮਾਲਟਾ ਕਾਂਡ 25 ਦਸੰਬਰ 1996 ਦੀ ਭਿਆਨਕ ਰਾਤ, ਮੁੱਕ ਗਈ 234 ਮਾਵਾਂ ਦੇ ਪੁੱਤਾਂ ਦੀ ਬਾਤ, ਮਾਵਾਂ ਨੂੰ ਕਿੰਜ ਆਏਗਾ ਚੈਨ, ਕਦ ਮੁਕਣਗੇ ਵੈਣ

ਮਾਂ ਦਾ ਵੈਣ : ਵੇ ਤੂੰ ਡੂੰਘੇ ਸਮੁੰਦਰਾਂ ’ਚ ਡੁੱਬ ਗਿਆ

ਵੇ ਤੈਨੂੰ ਕਿਸੇ ਨੇ ਮੋਢਾ ਵੀ ਨਾ ਦਿੱਤਾ
ਵੇ ਭਰਾਵਾਂ ਦੇ ਵੀਰਾ
ਵੇ ਭੈਣਾਂ ਦੇ ਵੀਰਾ
ਸਾਰਿਆਂ ਨੂੰ ਛੱਡਕੇ ਚਲਾ ਗਿਆ।

ਸੂਤਰਧਾਰ : ਮਾਂ ਦਾ ਦੁੱਖ ਵੇਖਕੇ ਤੁਹਾਡੀਆਂ ਅੱਖਾਂ ਵਿਚ ਅੱਥਰੂ ਆ ਗਏ ਹਨ – ਇਹ ਕੁਦਰਤੀ ਹੈ – ਪਰ ਮੇਰੇ ਲੋਕੋ ਇਥੇ ਆਕੇ ਸਵਾਲ ਕਰਨਾ ਬਣਦਾ ਹੈ – ਇਹਨਾਂ ਨੌਜਵਾਨਾਂ ਨੇ ਘਰਾਂ ਨੂੰ ਕਿਉਂ ਛੱਡਿਆ? ਇਸਦੇ ਬਾਰੇ ਸੋਚਣਾ ਬਣਦਾ ਹੈ –
ਇਹ ਠੱਗੀਆਂ ਵਪਾਰ ਦੀਆਂ ਠੱਗੀਆਂ, ਪਰ ਤੁਹਾਨੂੰ ਹੁਣ ਐਸੀ ਠੱਗੀ ਦੀ ਦਾਸਤਾਨ ਸੁਣਾਉਂਦੇ ਹਾਂ, ਜੋ ਲੋਕਾਂ ਦੀ ਧਾਰਮਿਕ ਸ਼ਰਧਾ ਨੂੰ ਸਾਧਨ ਬਣਾਕੇ ਕੀਤੀ ਗਈ – ਇਸਦੇ ਪਾਤਰ ਅਸਲੀ ਹਨ ਜਾਂ ਫਰਜ਼ੀ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ।

ਏਜੈਂਟ : ਚਲਦੀ ਜ਼ਰੂਰ ਪਈ ਹੈ, ਪਰ ਮੁਸ਼ਕਲਾਂ ਬਹੁਤ ਆ ਰਹੀਆਂ ਹਨ।

ਗਿਆਨੀ : ਕਿਉਂ?

ਏਜੈਂਟ : ਕੈਨਡਾ ਸਰਕਾਰ ਹੁਣ ਵੀਜ਼ਾ ਦੇਣ 'ਚ ਸਖ਼ਤੀ ਵਰਤ ਰਹੀ ਹੈ।

ਗਿਆਨੀ : ਸਖ਼ਤੀ? ਕਿਹੋ ਜਿਹੀ ਸਖ਼ਤੀ?

ਏਜੈਂਟ : ਉਹ ਨਾ ਖਿਡਾਰੀਆਂ ਨੂੰ ਵੀਜ਼ਾ ਦੇ ਰਹੀ ਏ – ਨਾ ਕੀਰਤਨੀਆਂ ਨੂੰ ਜਾਣ ਦੇ ਰਹੀ ਹੈ – ਪਾਠੀਆਂ ਨੂੰ ਕਹਿ ਰਹੀ ਹੈ ਇਥੇ ਰਹਿਕੇ ਹੀ ਪਾਠ ਕਰੋ – ਗਾਇਕਾਂ ਨੂੰ ਵੀ ਨਾਂਹ ਕਰ ਰਹੀ ਹੈ, ਜੇ ਗਾਇਕ ਨਹੀਂ ਜਾਣਗੇ ਤਾਂ ਸਜਿੰਦਿਆਂ ਨੇ ਛੈਣੇ ਕਿਥੋਂ ਵਜਾਨੇ ਹੋਏ – ਪਰ ਇਕ ਰਾਹ ਹੈ...

ਗਿਆਨੀ : ਕਿਹੜਾ ਰਾਹ?

ਏਜੈਂਟ : ਜੇ ਕੋਈ ਧਰਮ ਨਾਲ ਜੁੜਦਾ ਅਡੰਬਰ ਰਚਿਆ ਜਾਏ, ਵੱਡਾ ਛੜਯੰਤਰ ਚਲਾਇਆ ਜਾਏ।

ਗਿਆਨੀ : ਅਡੰਬਰ, ਛੜਯੰਤਰ?

ਏਜੈਂਟ : ਹੁਣ ਸੁਣਿਆ ਕੈਨਡਾ ਸਰਕਾਰ 'ਚ ਵੀ ਪੰਜਾਬੀਆਂ ਦੀ ਨੁਮਾਇੰਦਗੀ ਹੈ ਅਤੇ ਇਥੇ ਸੁੱਖ ਨਾਲ ਪੰਥਕ ਸਰਕਾਰ ਹੈ – ਤੁਹਾਡਾ ਇਥੋਂ ਵਾਲਿਆਂ ਨਾਲ ਵੀ ਸੰਪਰਕ ਹੈ ਤੇ ਉਥੇ ਵੀ ਸੁੱਖ ਨਾਲ ਥਾਂ ਬਣ ਗਈ ਹੈ, ਕੋਈ ਚਤੁਰਾਈ ਵਰਤੋ – ਮਤਲਬ ਏ ਕੋਈ ਵਿਉਂਤ ਬਣਾਓ। ਕੋਈ ਠੱਗੀ ਚਲਾਓ।

ਗਿਆਨੀ : ਇਸੇ ਲਈ ਤਾਂ ਤੁਹਾਨੂੰ ਫੋਨ ਖੜਕਾਇਆ ਹੈ।

ਏਜੈਂਟ : ਫੇਰ ਹੁਕਮ ਕਰੋ।

ਗਿਆਨੀ : ਇਹ ਤੁਹਾਨੂੰ ਕਲ੍ਹ ਦਸਾਂਗਾ – ਪਹਿਲੇ ਕੋਈ 4 ਬੰਦੇ ਤਿਆਰ ਕਰੋ, ਜਿਹੜੇ ਇਥੇ ਆਉਣ ਲਈ 20–20 ਲੱਖ ਖਰਚਣ ਲਈ ਤਿਆਰ ਹੋਣ।

ਏਜੈਂਟ : 20 ਲੱਖ ਤਾਂ ਥੋੜੀ ਉਪਰ ਵਾਲੀ ਰਕਮ ਹੈ... ਪਰ ਕੋਈ ਨਹੀਂ, ਲੱਭ ਲਵਾਂਗੇ – ਕੈਨੇਡਾ ਵਾਲੀ ਮੰਡੀ ਅੱਜਕਲ੍ਹ ਤੇਜ਼ ਏ। ਕੈਨੇਡਾ ਜਾਣ ਦੇ ਇਛੁੱਕ ਲਭਣੇ ਔਖੇ ਨਹੀਂ।

ਗਿਆਨੀ : ਉਹ ਕਿਸ ਤਰ੍ਹਾਂ ?

ਏਜੈਂਟ : ਇਥੇ ਨਕੋਦਰ ਦੇ ਨੇੜੇ ਇਕ ਐਨ.ਆਰ.ਆਈ. ਨੇ ਕੋਠੀ ਪਾਈ ਹੈ – 15 ਸਾਲ ਪਹਿਲੇ ਉਹ ਕੈਨੇਡਾ ਗਿਆ ਸੀ – ਕੈਮਲੂਸ ਸ਼ਹਿਰ ਵਿਚ ਪੈਟਰੋਲ ਪੰਪ 'ਤੇ ਨੌਕਰੀ ਸ਼ੁਰੂ ਕੀਤੀ।

ਗਿਆਨੀ : ਕੈਮਲੂਸ ? ਕੈਮਲੂਸ ਦੀਆਂ ਮੱਛੀਆਂ ਦੀ ਤਾਂ ਬੜੀ ਵਿਸ਼ੇਸ਼ ਕਹਾਣੀ ਹੈ – ਉਥੋਂ ਦੀਆਂ ਮੱਛੀਆਂ ਦੀ ਇਕ ਨਸਲ ਹੈ ਜੋ ਸਾਰਾ ਸਾਲ ਡੂੰਘੇ ਸਮੁੰਦਰਾਂ ਵਿਚ ਤਰਦੀਆਂ ਨੇ ਪਰ ਅੰਡੇ ਦੇਣ ਵੇਲੇ ਕੈਮਲੂਸ ਦੇ ਪਾਣੀਆਂ ਵਿਚ ਵਾਪਸ ਆ ਜਾਂਦੀਆਂ ਨੇ – ਤੁਹਾਡੇ ਪੰਜਾਬ ਦੇ ਇਕ ਨਾਟਕਕਾਰ ਨੇ ਪਰਵਾਸੀਆਂ ਬਾਰੇ ਇਕ ਕੈਮਲੂਸ ਦੀਆਂ ਮੱਛੀਆਂ ਨਾਟਕ ਵੀ ਲਿਖਿਆ ਹੈ ਜੋ ਰਹਿੰਦੇ ਭਾਵੇਂ ਪਰਦੇਸ ਵਿਚ ਨੇ, ਪਰ ਮੋਹ ਉਹਨਾਂ ਦਾ ਆਪਣੇ ਦੇਸ਼ ਨਾਲ ਹੀ ਰਹਿੰਦਾ ਹੈ, ਕਮਾਈਆਂ ਕਰਕੇ ਵਾਪਸ ਮੁੜਦੇ ਨੇ।

ਏਜੈਂਟ : ਬਸ ਨਕੋਦਰ ਦੀ ਕੋਠੀ ਵਾਲਾ ਐਨ.ਆਰ.ਆਈ. ਵੀ ਕੈਮਲੂਸ ਦੀ ਮੱਛੀ ਹੀ ਹੈ। 10–15 ਸਾਲਾਂ ਵਿਚ ਏਨੀਂ ਕਮਾਈ ਕੀਤੀ ਕਿ ਜਿਹੜੀ ਕੋਠੀ ਉਹਨੇ ਇਥੇ ਆਕੇ ਪਾਈ ਹੈ ਉਹਦੀ ਚਰਚਾ ਪਿੰਡਾਂ ਵਿਚ ਆਮ ਹੈ – ਕਹਿੰਦੇ ਨੇ ਇਹ ਕੋਠੀ ਪਹਿਲੇ ਉਹਨੇ ਕੈਮਲੂਸ ਪਾਈ ਤੇ ਬਿਲਕੁਲ ਉਹਦੀ ਨਕਲ ਇਥੇ ਨਕੋਦਰ ਵਾਲੀ ਕੋਠੀ ਵਿਚ ਕੀਤੀ – ਨਹਾਉਣ ਵਾਲੇ ਕਮਰਿਆਂ ਦੀਆ ਦੀਵਾਰਾਂ ਸ਼ੀਸ਼ਿਆਂ ਵਾਲੀਆਂ ਹਨ, ਕਪੜੇ ਲਾਹੋ, ਬਸ ਸਰੀਰ ਦੇ ਅੰਗ ਅੰਗ ਨੂੰ ਵਾਚਦੇ ਜਾਵੋ – ਵਾਹ ਕਿਆ ਬਾਤਾਂ ਹਨ – ਇਸੇ ਕਰਕੇ ਤੇ ਇਥੇ ਖਾਂਦੇ ਪੀਂਦੇ ਘਰਾਂ ਦੇ ਹਰ ਨੌਜਵਾਨ ਦੀ ਬਸ ਇਕੋ ਹੀ ਇੱਛਾ ਹੈ ਕਿ ਕਨੇਡਾ ਜਾਵੇ, ਪੈਸੇ ਕਮਾਵੇ ਤੇ ਇਕ ਕੋਠੀ ਪਾਵੇ, ਜਿਦੇ ਬਾਥਰੂਮਾਂ ਦੀਆਂ ਦੀਵਾਰਾਂ ਸ਼ੀਸ਼ਿਆਂ ਵਾਲੀਆਂ ਹੋਣ – ਸ਼ੀਸ਼ਿਆਂ ਰਾਹੀਂ ਅੰਗ ਅੰਗ ਵਾਚਿਆ ਜਾ ਸਕੇ ਤੇ ਨਾਲ ਜੇਕਰ ਕੋਈ ਮੇਮਾਂ ਵਰਗੀ ਕੁੜੀ ਹੋਵੇ, ਵੱਡਾ ਟੱਬ ਹੋਵੇ, ਸਾਬਨ ਦੀ ਝੱਗ ਹੋਵੇ... ਹਾਏ ਕਿਆ ਬਾਤਾਂ। ਇਹ ਦਸੋ ਪ੍ਰਾਜੈਕਟ ਕੀ ਏ ? ਤੇ ਕਿੰਨੇ ਬੰਦੇ ਲੰਘਾਏ

ਜਾ ਸਕਦੇ ਨੇ ?

ਗਿਆਨੀ : ਚਾਰ ਲੰਘਾਏ ਜਾ ਸਕਦੇ ਹਨ, ਪਰ ਸ਼ਰਤ ਇਹ ਵੇ ਕਿ ਉਹ ਸਬੂਤੇ ਦਾੜ੍ਹੀ ਕੇਸਾਂ ਵਾਲੇ ਹੋਣ ਜਾਂ ਕਹਿ ਲਵੋ ਦਾੜ੍ਹਿਆਂ ਵਾਲੇ ਹੋਣ।

ਏਜੈਂਟ : ਇਹ ਤਾਂ ਥੋੜੀ ਮੁਸ਼ਕਲ ਸ਼ਰਤ ਲਗਦੀ ਏ, ਮੁੰਡਿਆਂ ਦੇ ਦਾੜ੍ਹੀ ਕੇਸ ਕਿਥੇ ?

ਗਿਆਨੀ : ਆਹੋ ਬੰਦੋਬਸਤ ਕਰ ਲਵੋ, ਹੁਣ ਤੋਂ ਹੀ ਦਾੜ੍ਹੀ ਕੇਸ ਰਖਣੇ ਸ਼ੁਰੂ ਕਰ ਦੇਣ।ਸਾਰਾ ਪ੍ਰਾਜੈਕਟ ਸਿਰੇ ਲੱਗਣ 'ਚ 6 ਮਹੀਨੇ ਲਗ ਹੀ ਜਾਣਗੇ – ਹਾਂ ਤੇ ਪ੍ਰਾਜੈਕਟ ਇਹ ਹੈ ਕਿ ਇਥੋਂ ਦੀ ਸੰਗਤ ਨੂੰ ਤਿਆਰ ਕੀਤਾ ਜਾਵੇਗਾ ਕਿ ਵਿਸਾਖੀ ਵਾਲੇ ਨਗਰ ਕੀਰਤਨ ਵਿਚ ਪੰਜਾਬ ਤੋਂ ਗੁਰੂ ਸਾਹਿਬਾਂ ਦੇ ਸ਼ਸਤਰ ਮੰਗਵਾ ਕੇ ਉਹਨਾਂ ਨੂੰ ਜਲੂਸ 'ਚ ਸ਼ਾਮਲ ਕਰਕੇ ਸੰਗਤ ਨੂੰ ਦਰਸ਼ਨ ਕਰਵਾਏ ਜਾਣ। ਕਨੇਡਾ ਦੀਆਂ ਅਖ਼ਬਾਰਾਂ 'ਚ ਚਰਚਾ ਹੋਵੇ ਤੇ ਸਿੱਖਾਂ ਦੇ ਮਹਾਨ ਵਿਰਸੇ ਦੀ ਮਹਿਮਾ ਹਵੇ।

ਏਜੈਂਟ : ਪਰ ਇਹ ਸ਼ਸਤਰ ?

ਗਿਆਨੀ : ਇਹ ਅੰਮ੍ਰਿਤਸਰ ਬਾਜ਼ਾਰ ਮਾਈ ਸੇਵਾ ਕ੍ਰਿਪਾਨਾਂ ਦੀਆਂ ਦੁਕਾਨਾਂ ਤੋਂ ਮਿਲ ਸਕਦੇ ਨੇ। ਪੁਰਾਣੇ ਡੀਜ਼ਾਇਨ ਦੇ ਸ਼ਸਤਰ ਉਹਨਾਂ ਦੇ ਸਟੋਰਾਂ ਵਿਚ ਪਏ ਨੇ..ਉਹਨਾਂ ਨੂੰ ਥੋੜਾ ਥੋੜਾ ਜੰਗਾਲ ਵੀ ਲਗਿਆ ਏ – ਜਿਹੜੇ ਇਹ ਸਾਬਤ ਕਰਨਗੇ ਕਿ ਇਹ 17ਵੀਂ-18ਵੀਂ ਸਦੀ ਦੇ ਸ਼ਸਤਰ ਹਨ – ਪ੍ਰਾਜੈਕਟ ਇਹ ਹੈ ਕਿ ਇਹਨਾਂ ਸ਼ਸਤਰਾਂ ਦੀ ਸਾਂਭ ਸੰਭਾਲ ਲਈ ਤਿੰਨ ਸੇਵਾਦਾਰ ਵੀ ਆਉਣਗੇ – ਇਕ ਮੰਤਰੀ ਵੀ ਆਵੇਗਾ, ਉਹਦਾ ਪੀ.ਏ. ਵੀ ਆਵੇਗਾ... ਬਸ ਅਗੋਂ ਤੁਸੀਂ ਸਮਝ ਜਾਵੋ, 20-20 ਲੱਖ ਦੇ ਚਾਰ ਕਬੂਤਰ ਤੁਸੀਂ ਤਿਆਰ ਕਰੋ ਅਗੋਂ ਮੈਂ ਸਾਂਭ ਲਵਾਂਗਾ।

ਏਜੈਂਟ : ਵਾਹ ਗਿਆਨੀ ਜੀ ਤੁਹਾਡਾ ਵੀ ਜਵਾਬ ਨਹੀਂ; ਕਿਆ ਪ੍ਰਾਜੈਕਟ ਬਣਾਇਆ ਹੈ। ਘੱਟ ਤਾਂ ਤੁਸੀਂ ਇਥੇ ਵੀ ਨਹੀਂ ਸੋ ਵਿਉਂਤਾ ਬਨਾਉਣ ਵਿਚ... ਤੁਹਾਨੂੰ ਯਾਦ ਹੀ ਹੋਣਾ ਏ ਕਿ ਇਥੇ ਕੜਾਹ ਦੇ ਸਕੈਂਡਲ ਵਿਚ ਇਕ ਗੁਰੂ ਘਰ ਦੇ ਪ੍ਰੇਮੀ ਨੇ ਤੁਹਾਨੂੰ ਕਿਹਾ ਸੀ...

ਗਿਆਨੀ : ਕੀ ?

ਏਜੈਂਟ : ਵਾਹ ਗਿਆਨੀ ਜੀ ਵਾਹ ਖਾਣੇ ਕੜਾਹ 'ਤੇ ਕੰਮ ਕਰਨੇ ਆਹ

ਗਿਆਨੀ : ਉਹਨੇ ਕਿਹਾ, ਅਸੀਂ ਸੁਣ ਲਿਆ। ਨਾ ਅਸੀਂ ਕੜਾਹ ਖਾਣਾ ਬੰਦ ਕੀਤਾ ਤੇ ਨਾ ਕੰਮ ਕਰਨੇ ਬੰਦ ਕੀਤੇ।ਗੱਲ ਮੁਕ ਮੁਕਾ ਹੋਈ– ਉਹ ਤਾਂ ਪੁਰਾਣੀਆਂ ਕਹਾਣੀਆਂ ਹਨ, ਕਿਥੇ ਗੜ੍ਹ ਸ਼ੰਕਰ ਤੇ ਕਿਥੇ

ਵੈਨਕੂਵਰ ? ਚੰਗਾ ਆਪਣੇ ਹਿੱਸੇ ਦਾ ਕੰਮ ਤੁਸੀਂ ਕਰੋ... ਬਾਕੀ ਮੈਂ ਵੇਖਾਂਗਾ।

*(ਟੈਲੀਫ਼ੂਨ ਰਖਦੇ ਹਨ।)*

ਸੂਤਰਧਾਰ : ਇਹ ਜੋ ਗਿਆਨੀ ਕੈਨੇਡਾ ਤੋਂ ਏਜੈਂਟ ਨੂੰ ਟੈਲੀਫ਼ੂਨ ਕਰ ਰਹੇ ਸਨ, ਇਹ ਸ: ਬਲਬੀਰ ਸਿੰਘ ਚੰਘਿਆੜਾ ਹਨ.. ਗੜ੍ਹ ਸ਼ੰਕਰ ਦੇ ਰਹਿਣ ਵਾਲੇ, ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ 'ਚ ਸਿੱਖਿਆ ਲੈ ਕੇ ਇਹ ਧਰਮ ਪਰਚਾਰਕ ਬਣੇ ਤੇ ਫੇਰ ਹੌਲੇ ਹੌਲੇ ਜੁਗਾੜ ਬਣਾ ਕੇ ਕਨੇਡਾ ਪੁੱਜ ਗਏ। ਉਥੇ ਅਕਾਲੀ ਦਲ ਦੇ ਸਕੱਤਰ ਬਣ ਗਏ – ਉਹਨਾਂ ਨੇ ਵਿਉਂਤ ਬਣਾਈ, ਕਨੇਡਾ ਦੇ ਗੁਰਦੁਆਰੇ ਖਾਲਸਾ ਦੀਵਾਨ ਦੇ ਪੈਡ 'ਤੇ ਇਕ ਚਿੱਠੀ ਬਣਾਈ –

: ਅੰਮ੍ਰਿਤਸਰ ਸਾਹਿਬ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਰਾਂ ਵੱਲ ਕਿ ਕਨੇਡਾ ਦੀ ਸੰਗਤ ਚਾਹੁੰਦੀ ਏ ਕਿ ਵੈਨਕੂਵਰ 'ਚ ਵਿਸਾਖੀ ਦੇ ਜੋ ਖ਼ਾਲਸਾ ਜਲੂਸ ਨਿਕਲੇ ਉਸ ਵਿਚ ਗੁਰੂ ਸਾਹਿਬ ਦੇ ਇਤਿਹਾਸਕ ਸ਼ਸਤਰ ਸ਼ਾਮਿਲ ਕੀਤੇ ਜਾਣ।

*(ਡੱਗਾ)*

1 : ਇਹ ਚਿੱਠੀ ਪੁੱਜੀ

2 : ਜਾਂ ਨਹੀਂ ਪੁੱਜੀ

3 : ਇਹ ਕਿਸੇ ਨੂੰ ਨਹੀਂ ਪਤਾ

1 : ਠੱਗੀ ਦੇ ਸੁਰ

2 : ਠੱਗੀ ਦੀਆਂ ਚਾਲਾਂ

3 : ਠੱਗੀ ਦੇ ਪੈਂਤੜੇ

1 : ਯਾ ਠੱਗ ਆਪ ਜਾਣਦਾ ਹੈ

2 : ਯਾ ਉਹਦਾ ਚੇਲਾ ਜਾਣਦਾ ਹੈ

3 : ਯਾ ਉਹਦਾ ਯਾਰ ਜਾਣਦਾ ਹੈ

1 : ਹੋਰ ਕੋਈ ਨਹੀਂ ਜਾਣਦਾ

2 : ਠੱਗਾਂ ਦੀ ਲੋਕ ਕਹਾਣੀਆਂ ਵਿਚ ਇਹਨਾਂ ਦਾ ਜ਼ਿਕਰ ਆਉਂਦਾ ਹੈ।

3 : ਕਾਲੀਦਾਸ ਦੇ ਨਾਟਕ ਮ੍ਰਿਛਕਟਮ ਵਿਚ ਇਹਨਾਂ ਦਾ ਜ਼ਿਕਰ ਆਉਂਦਾ ਹੈ।

1 : ਚੋਰ ਪਾਤਰ ਸੰਨ ਲਗਾਉਣ ਦੇ ਗੁਰ ਦਸਦਾ ਹੈ।

2 : ਪਹਿਲਾ ਗੁਰ ਸੰਨ ਕਿਥੇ ਲਾਉਣੀ ਹੈ, ਇਸਦਾ ਕਿਸੇ ਨੂੰ ਪਤਾ ਨਾ ਲਗੇ।

3 : ਸੰਨ ਇਸ ਤਰ੍ਹਾਂ ਲਗਾਈ ਜਾਏ ਕਿ ਭੋਰਾ ਆਵਾਜ਼ ਨਾ ਆਏ।
1 : ਸੰਨ ਉਥੇ ਲਗਾਓ, ਜਿਥੇ ਤਜੌਰੀ ਨੂੰ ਸਿੱਧਾ ਹੱਥ ਪਵੇ।
2 : ਸੰਨ ਐਸੀ ਕਾਰੀਗਰੀ ਨਾਲ ਲਾਵੋ ਕਿ ਉਸਤਾਦ ਵੀ ਦਾਦ ਦੇਣੋ ਨਾ ਰਹਿ ਸਕੇ।
3 : ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ
1 : ਤੇ ਕਬੂਤਰਬਾਜ਼ੀ ਅੱਜ ਇਕ ਕਲਾ ਬਣ ਗਈ ਹੈ
2 : ਠੱਗੀ ਦੀ ਕਲਾ
3 : ਚੋਰੀ ਦੀ ਕਲਾ
1 : ਉਹ ਦਿਨ ਲੱਦ ਗਏ ਜਦ ਆਸ਼ਕ ਮਾਸ਼ੂਕ ਨੂੰ ਕਬੂਤਰ ਰਾਹੀਂ ਚਿੱਠੀ ਭੇਜਦਾ ਸੀ।
2 : ਤੇ ਫੇਰ ਕੋਠੇ 'ਤੇ ਖਲੋਕੇ ਜਵਾਬ ਉਡੀਕਦਾ ਸੀ।
3 : ਜਾਂ ਨੂਰ ਜਹਾਨ ਗਾਉਂਦੀ ਸੀ ਜਾਂਵੀਂ ਜਾਂਵੀਂ ਵੇ ਕਬੂਤਰਾ।
1 : ਉਦੋਂ ਕਬੂਤਰ ਹੁੰਦੇ ਸਨ ਭੋਲੇ ਮਾਸੂਮ
2 : ਗੁੱਟਕੂ-ਗੁੱਟਕੂ ਕਰਨ ਵਾਲੇ।
3 : ਹੁਣ ਕਬੂਤਰ ਨੇ ਗੋਲ ਗੋਲ ਪੱਗਾਂ ਵਾਲੇ।

*(ਕਬੂਤਰਾਂ ਵਾਲੇ ਐਕਸ਼ਨ ਕਰਦੇ ਬਾਹਰ ਜਾਂਦੇ ਹਨ।)*

ਸੂਤਰਧਾਰ : ਹਾਂ ਉਹ ਚਿੱਠੀ ਆਈ ਜਾਂ ਨਾ ਆਈ ਕਿਸੇ ਨੂੰ ਨਹੀਂ ਪਤਾ, ਪਰ ਇਹ ਜ਼ਰੂਰ ਹੋਇਆ ਕਿ ਕਨੇਡਾ ਸਰਕਾਰ ਦੇ ਇਕ ਮੰਤਰੀ ਸ: ਹਰਬੰਸ ਸਿੰਘ ਉਰਫ ਹਰਬ ਧਾਲੀਵਾਲ ਦੀ ਸਿਫਾਰਸ਼ ਨਾਲ ਵੀਜ਼ੇ ਮਿਲੇ - ਸ਼ਸਤਰ ਆਏ ਉਹਨਾਂ ਨਾਲ ਪੰਜਾਬ ਦੀ ਪੰਥਕ ਸਰਕਾਰ ਦਾ ਇਕ ਮੰਤਰੀ, ਇਕ ਗੁਰਦੁਆਰਾ ਕਮੇਟੀ ਦਾ ਮੈਂਬਰ ਤੇ ਚਾਰ ਹੋਰ ਆਏ, ਤਿੰਨ ਸ਼ਸਤਰਾਂ ਦੀ ਸਾਂਭ ਲਈ ਤੇ ਇਕ ਮੰਤਰੀ ਜੀ ਦਾ ਪੀ.ਏ.। ਕੈਨਡਾ ਗੁਰਦੁਆਰਾ ਸਾਹਿਬ ਦੀ ਪਵਿੱਤਰ ਬੀੜ ਦਾ ਪ੍ਰਕਾਸ਼, ਪੰਜ ਪਿਆਰੇ ਹਵਾਈ ਅੱਡੇ 'ਤੇ ਹਾਜ਼ਰ ਸਨ। ਸ਼ਸਤਰਾਂ ਦਾ ਜਲੂਸ ਹਵਾਈ ਜਹਾਜ਼ ਦੇ ਅੱਡੇ ਤੋਂ ਗੁਰਦੁਆਰਾ ਸਾਹਿਬ ਪੁੱਜਿਆ।ਗੁਰਦੁਆਰਾ ਸਾਹਿਬ ਜਾਕੇ ਹੀ ਪਤਾ ਲੱਗਾ ਕਿ ਸ਼ਸਤਰਾਂ ਦੇ ਨਾਲ ਆਏ 4 ਸੇਵਾਦਾਰ ਕਬੂਤਰ ਬਣਕੇ ਉਡਾਰੇ ਮਾਰ ਗਏ। ਹੁਣ ਲੱਭੋ - 6 ਮਹੀਨਿਆਂ ਵਿਚ ਉਗਾਈ ਦਾੜ੍ਹੀ 6 ਮਿੰਟਾਂ ਵਿਚ ਸਾਫ ਹੋ ਗਈ - ਤੇ ਕਬੂਤਰ ਔਹ ਗਏ, ਔਹ ਗਏ।
ਅਖ਼ਬਾਰਾਂ ਵਿਚ ਚਰਚਾ ਹੋਈ - ਸਿੱਖ ਸੰਗਤ ਨੇ ਇਸਨੂੰ ਸ਼ਰਮਨਾਕ ਗੱਲ ਕਹੀਂ, ਚੰਘਿਆੜਾ ਸਾਹਿਬ ਨੂੰ ਅਕਾਲੀ ਦਲ ਤੋਂ ਮੁਅਤਲ ਕੀਤਾ ਗਿਆ - ਸਿੰਘ ਸਾਹਿਬ, ਗੁਰਦੁਅਰਾ ਪ੍ਰਬੰਧਕ ਕਮੇਟੀ ਦੇ

ਪ੍ਰਧਾਨ, ਬਾਦਲ ਸਾਹਿਬ, ਸਭ ਨੇ ਇਹਦਾ ਨੋਟਿਸ ਲਿਆ ਪਰ ਚਰਚਾ ਦੇ ਬਾਅਦ ਨਾ ਕੁਝ ਹੋਣਾ ਸੀ, ਨਾ ਹੋਇਆ – ਕਿਸ ਨੇ ਕਿੰਨਾ ਲਿਆ, ਕਿੰਨਾ ਹਿੱਸਾ ਵੰਡਾਇਆ, ਕੋਈ ਨਹੀਂ ਪਤਾ – ਇਹ ਸਭ ਵਪਾਰ ਦੀਆਂ ਗੱਲਾਂ ਹਨ, ਭੇਤ ਦੀਆਂ ਗੱਲਾਂ ਹਨ, ਪਰ ਇਕ ਗੱਲ ਸਾਫ ਹੈ ਕਿ ਇਹ ਠੱਗੀ ਹੋਈ ਅਤੇ ਇਹ ਠੱਗੀ ਧਰਮ ਦੇ ਨਾਂ 'ਤੇ ਹੋਈ ਹੈ। ਪਵਿੱਤਰ ਸ਼ਸਤਰਾਂ ਦੇ ਨਾਂ 'ਤੇ ਹੋਈ ਹੈ, ਧਾਰਮਿਕ ਸ਼ਰਧਾ ਦੇ ਨਾਂ 'ਤੇ ਹੋਈ ਹੈ। ਇਹ ਸੋਚਣਾ ਬਣਦਾ ਹੈ, ਇਹ ਠੱਗੀ ਹੋਈ ਕਿਉਂ ਹੈ।

*(ਡੱਗਾ)*

1 : ਹਾਂ ਇਹ ਠੱਗੀ ਹੋਈ ਕਿਉਂ ਹੈ?
2 : ਇਹ ਸੋਚਣਾ ਬਣਦਾ ਹੈ।
3 : ਇਹ ਵਿਚਾਰਣਾ ਬਣਦਾ ਹੈ।
1 : ਕਿਹਾ ਜਾਂਦਾ ਹੈ ਇਹ ਗਲੋਬਲ ਵਪਾਰ ਦਾ ਯੁੱਗ ਹੈ।
2 : ਇਕ ਦੇਸ਼ ਦਾ ਮਾਲ ਦੂਜੇ ਦੇਸ਼ ਵਿਚ ਖੁਲ੍ਹੇ ਆਮ ਆ ਜਾ ਸਕਦਾ ਹੈ।
3 : ਫੇਰ ਇਕ ਦੇਸ਼ ਦੇ ਨਾਗਰਿਕ ਇਕ ਦੇਸ਼ ਵਿਚੋਂ ਦੂਜੇ ਦੇਸ਼ ਕਿਉਂ ਨਹੀਂ ਜਾ ਸਕਦੇ?
1 : ਰੁਕਾਵਟਾਂ ਕਿਉਂ ਨੇ?
2 : ਬੰਦਸ਼ਾਂ ਕਿਉਂ ਨੇ?
3 : ਦਰਵਾਜ਼ੇ ਬੰਦ ਕਿਉਂ ਨੇ?
1 : ਕਿਉਂ ਨੇ?
2 : ਕਿਉਂ ਨੇ?
3 : ਕਿਉਂ ਨੇ?
1 : ਅਮਰੀਕਾ ਦੀਆਂ ਕੰਪਨੀਆਂ
2 : ਕਨੇਡਾ ਦੀਆਂ ਕੰਪਨੀਆਂ
3 : ਵਲੈਤ ਦੀਆਂ ਕੰਪਨੀਆਂ
1 : ਇਟਲੀ ਦੀਆਂ ਕੰਪਨੀਆਂ
2 : ਜਰਮਨ ਦੀਆਂ ਕੰਪਨੀਆਂ
3 : ਜਪਾਨ ਦੀਆਂ ਕੰਪਨੀਆਂ
1 : ਉਹਨਾਂ ਨੂੰ ਖੁਲ੍ਹ ਹੈ
2 : ਉਹਨਾਂ ਨੂੰ ਕੋਈ ਮਨਾਹੀ ਨਹੀਂ
3 : ਕੋਈ ਰੋਕ ਨਹੀਂ

1 : ਭਾਰਤ ਦੀਆਂ ਮੰਡੀਆਂ ਵਿਚ
2 : ਆਪਣਾ ਮਾਲ ਖੁਲ੍ਹਕੇ ਵੇਚਣ
3 : ਪੂਰੇ ਮੁਨਾਫੇ ਨਾਲ ਵੇਚਣ
1 : ਚਵਾਨੀ ਲਾਗਤ ਵਾਲਾ ਕੋਕਾ ਕੋਲਾ 10 ਰੁਪਏ 'ਚ ਵੇਚਣ
2 : ਦਵਾਨੀ ਲਾਗਤ ਵਾਲੇ ਆਲੂ ਚਿਪਸ ਬਣਾਕੇ 8 ਰੁਪਏ 'ਚ ਵੇਚਣ
3 : ਅਠਿਆਨੀ ਲਾਗਤ ਵਾਲੇ ਟਮਾਟਰ ਚਟਨੀ ਬਣਾ ਕੇ ਵੀਹ ਰੁਪਏ 'ਚ ਵੇਚਣ

ਸੂਤਰਧਾਰ : ਪਰ ਭਾਰਤੀ ਨੌਜਵਾਨਾਂ ਨੂੰ ਇਜਾਜ਼ਤ ਨਹੀਂ
1 : ਵਲੈਤ ਜਾਕੇ ਰੋਜ਼ੀ ਕਮਾਉਣ
2 : ਅਮਰੀਕਾ ਫਾਰਮ ਹਾਊਸ 'ਚ ਮਜ਼ੂਰੀ ਕਰਨ
3 : ਇਟਲੀ ਜਾਕੇ ਆਪਣਾ ਹੁਨਰ ਵਿਖਾਉਣ
1 : ਇਹ ਸਵਾਲ ਹਨ ਜਿਨ੍ਹਾਂ ਦਾ ਜਵਾਬ ਸਮੇਂ ਦੇ ਹਾਕਮਾਂ ਨੂੰ ਦੇਣਾ ਬਣਦਾ ਹੈ।
2 : ਨੌਜਵਾਨ ਠੱਗਾਂ ਦੀਆਂ ਠੱਗੀਆਂ ਦਾ ਹੀ ਸ਼ਿਕਾਰ ਬਣਦੇ ਹਨ
3 : ਕਿਉਂਕਿ ਉਹਨਾਂ ਦਾ ਇਥੇ ਕੋਈ ਭਵਿੱਖ ਨਹੀਂ।

*(ਸਵਾਲੀਆ ਨਿਸ਼ਾਨ ਦੀ ਮੁੱਦਰਾ ਵਿਚ ਫਰੀਜ਼ ਹੁੰਦੇ ਹਨ।)*

ਸੂਤਰਧਾਰ : ਮੇਰੇ ਦੇਸ਼ ਦੇ ਨੌਜਵਾਨੋਂ, ਇਹ ਨਾਟਕ ਤੁਹਾਡੇ ਸਾਹਮਣੇ ਕੀਤਾ ਹੈ, ਤੁਸੀਂ ਸੋਚੋ ਮਾਲਟਾ ਦੇ ਸਮੁੰਦਰਾਂ 'ਚ ਤੁਹਾਨੂੰ ਕਿਉਂ ਡੁੱਬਣਾ ਪੈਂਦਾ ਹੈ ? ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖ਼ਲ ਹੋਣ ਲਈ ਗੰਦੇ ਨਾਲਿਆਂ ਵਿਚ ਕਿਉਂ ਤਰਨਾ ਪੈਂਦਾ ਹੈ ? ਕਿਉਂ ...ਕਿਉਂ ...ਕਿਉਂ ?